a2zpapers.com

Roll No. .................

**002/C**

Total No. of Questions : 9]

[Total No. of Printed Pages : 4

**SS**

**2038**

**ਸਲਾਨਾ ਪਰੀਖਿਆ ਪ੍ਰਨਾਲੀ**

# GENERAL PUNJABI

**(Common for All Groups and Vocational Stream)**

**(Evening Session)**

Time allowed : Three hours

Maximum marks : 65

**ਨੋਟ :** *(i)* ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲ਼ੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ **002/C** ਜ਼ਰੂਰ ਦਰਜ ਕਰੋ ਜੀ ।

*(ii)* ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

*(iii)* ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

*(iv)* **ਸਾਰੇ ਪ੍ਰਸ਼ਨ ਜ਼ਰੂਰੀ ਹਨ ।**

*(v)* ਪ੍ਰਸ਼ਨ ਦਾ ਉੱਤਰ ਖ਼ਤਮ ਹੋਣ 'ਤੇ ਇੱਕ ਲਾਈਨ ਲਾ ਦਿਓ ।

**1. ਵਸਤੂਨਿਸ਼ਠ ਪ੍ਰਸ਼ਨ :**

ਸਾਰੇ ਪ੍ਰਸ਼ਨ **ਜ਼ਰੂਰੀ** ਹਨ । ਹਰੇਕ ਪ੍ਰਸ਼ਨ 1 ਅੰਕ ਦਾ ਹੈ ।

(ੳ) 'ਚੁੰਮ-ਚੁੰਮ ਰੱਖੋ' ਕਿਸ ਕਵੀ ਦੀ ਰਚਨਾ ਹੈ ? 1

(ਅ) ਅਖਾਉਤ ਪੂਰੀ ਕਰੋ :

ਮਾਂਹਾਂ-ਮੋਠਾਂ ਵਿੱਚ ਕੋਈ ________ । 1

(ੲ) ਸ੍ਰੀ ਕਿਰਪਾਲ ਕਜ਼ਾਕ ਦੀ ਕਿਹੜੀ ਰਚਨਾ 'ਲਾਜ਼ਮੀ ਪੰਜਾਬੀ' ਪਾਠ-ਪੁਸਤਕ ਵਿੱਚ ਸ਼ਾਮਲ ਕੀਤੀ ਗਈ ਹੈ ? 1

(ਸ) ਦੱਸੋ ਇਹ ਕਥਨ ਠੀਕ ਹੈ ਜਾਂ ਗਲਤ : 1

"ਪੰਜਾਬ ਵਿੱਚ ਤਿਉਹਾਰਾਂ ਦਾ ਲੰਮਾ ਕਾਫ਼ਲਾ ਤੁਰਿਆ ਰਹਿੰਦਾ ਹੈ ।"

(ਹ) ਮਰਦਾਂ ਦੇ ਕੋਈ ਦੋ ਲੋਕ-ਨਾਚਾਂ ਦੇ ਨਾਂ ਦੱਸੋ । 1

(ਕ) 'ਘਰ ਜਾਹ ਆਪਣੇ' ਕਹਾਣੀ ਦੇ ਕਿਸੇ ਇੱਕ ਪਾਤਰ ਦਾ ਨਾਂ ਲਿਖੋ । 1

(ਖ) ਅਖਾਉਤ ਪੂਰੀ ਕਰੋ :

________ ਹਾਥੀ ਲੰਘ ਜਾਂਦੇ ਹਨ । 1



www.a2zpapers.com www.a2zpapers.com
Download free old Question papers gndu, ptu hp board, punjab board

a2zpapers.com



(ਗ) 'ਪੰਜਾਬ ਦੀਆਂ ਨਕਲਾਂ' ਪਾਠ ਦਾ ਲੇਖਕ ਕੌਣ ਹੈ ? 1

(ਘ) ਚੰਗੇ ਸ਼ਗਨਾਂ ਦੀ ਸੂਚਕ ਕਿਹੜੀ ਚੀਜ਼ ਹੈ ? 1

(i) ਪਾਣੀ (ii) ਲੋਹਾ

(iii) ਅਨਾਜ (vi) ਦੁੱਧ ।

(ਙ) ਖ਼ਾਲੀ ਸਥਾਨ ਭਰੋ :

ਕੁਸ਼ਤੀਆਂ ਪੁਰਾਤਨ ਸਮੇਂ ਤੋਂ ਹੀ ________ ਲਈ ਖਿੱਚ ਭਰਪੂਰ ਰਹੀਆਂ ਹਨ । 1

10×1=10

2. ਹੇਠ ਲਿਖਿਆਂ ਵਿੱਚੋਂ ਕਿਸੇ **ਪੰਜ** ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਸੁਨਿਆਰ ਅਨੇਕ ਪ੍ਰਕਾਰ ਦੀ ਵੰਨਗੀ ਦੇ ਗਹਿਣੇ ਬਣਾਉਂਦਾ ਹੈ । 'ਪੰਜਾਬ ਦੇ ਲੋਕ-ਕਿੱਤੇ ਅਤੇ ਲੋਕ-ਕਲਾਵਾਂ' ਪਾਠ ਦੇ ਆਧਾਰ 'ਤੇ ਦੱਸੋ ਕਿ ਉਹ ਮਰਦਾਵੇਂ ਤੇ ਇਸਤਰੀਆਂ ਦੇ ਕਿਹੜੇ-ਕਿਹੜੇ ਗਹਿਣੇ ਬਣਾਉਂਦਾ ਹੈ ? 4

(ਅ) ਪੇਸ਼ਕਾਰੀ ਦੇ ਪੱਖੋਂ ਨਕਲਾਂ ਦੀਆਂ ਕਿਹੜੀਆਂ-ਕਿਹੜੀਆਂ ਕਿਸਮਾਂ ਹਨ ? 4

(ੲ) ਪੰਜਾਬੀ ਸੱਭਿਆਚਾਰ ਦੇ ਇਤਿਹਾਸਿਕ ਪਿਛੋਕੜ ਬਾਰੇ ਦੱਸੋ । 4

(ਸ) ਪੰਜਾਬ ਵਿੱਚ ਵਿਆਹ ਦੇ ਰਸਮ-ਰਿਵਾਜ ਕਿਹੜੇ-ਕਿਹੜੇ ਸਨ ? ਹੁਣ ਇਹਨਾਂ ਵਿੱਚ ਕੀ ਤਬਦੀਲੀ ਆ ਰਹੀ ਹੈ ? 4

(ਹ) 'ਪੰਜਾਬ ਦੇ ਲੋਕ-ਨਾਚ' ਪਾਠ ਵਿੱਚ ਮੁੱਖ ਨਾਚਾਂ ਤੋਂ ਬਿਨਾਂ ਹੋਰ ਕਿਹੜੇ-ਕਿਹੜੇ ਨਾਚਾਂ ਦਾ ਜ਼ਿਕਰ ਆਇਆ ਹੈ ? ਦੱਸੋ । 4

(ਕ) ਲੋਕ-ਖੇਡਾਂ ਪਾਠ ਦੇ ਆਧਾਰ 'ਤੇ ਦੱਸੋ ਕਿ ਲੋਕ-ਖੇਡਾਂ ਦੀ ਜੀਵਨ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਹੈ, ਕਿਵੇਂ ? 4

(ਖ) 'ਪੰਜਾਬੀ ਸੱਭਿਆਚਾਰਿਕ ਪਰਿਵਰਤਨ' ਪਾਠ ਵਿੱਚ ਦੋ ਰੁਝਾਨਾਂ ਨੇ ਰਵਾਇਤੀ ਪੰਜਾਬੀ ਸੱਭਿਆਚਾਰ ਨੂੰ ਢਾਹ ਲਾਈ ਹੈ' । ਇਸ 'ਤੇ ਉਦਾਹਰਨਾਂ ਸਹਿਤ ਚਾਨਣਾ ਪਾਓ । 4

(ਗ) ਦੇਵੀ ਮਾਤਾ ਦੇ ਮੇਲਿਆਂ ਦਾ ਕੀ ਪਿਛੋਕੜ ਹੈ ? ਦੇਵੀ ਮਾਤਾ ਨਾਲ਼ ਸੰਬੰਧਿਤ ਕਿਸੇ ਇੱਕ ਮੇਲੇ ਬਾਰੇ ਸੰਖੇਪ ਨੋਟ ਲਿਖੋ । 4

5×4=20

3. ਤੁਹਾਡੇ ਕਸਬੇ ਵਿੱਚ ਦੋ ਪਹੀਆ ਵਾਹਨਾਂ ਦੀ ਮੰਗ ਦਿਨੋਂ-ਦਿਨ ਵਧ ਰਹੀ ਹੈ ਜਿਸ ਦੇ ਚਲਦਿਆਂ ਹੀਰੋ ਮੋਟਰਜ਼ ਦਿੱਲੀ ਤੋਂ ਏਜੰਸੀ ਲੈਣ ਲਈ ਆਪਣੀ ਯੋਗਤਾ ਤੇ ਸਮੱਰਥਾ ਦੱਸਦੇ ਹੋਏ ਪੱਤਰ ਲਿਖੋ । 2+3+1=6

ਜਾਂ

ਤੁਸੀਂ ਪੜ੍ਹੇ-ਲਿਖੇ ਨੌਜਵਾਨ ਹੋ । ਭਾਰਤ ਜੀਵਨ ਬੀਮਾ ਨਿਗਮ ਨੂੰ ਆਪਣੀ ਯੋਗਤਾ ਦੱਸਦੇ ਹੋਏ ਬੀਮਾ-ਏਜੰਟ ਬਣਨ ਲਈ ਪੱਤਰ ਲਿਖੋ । 2+3+1=6

4. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਲਿਖੋ :

ਸਾਡੇ ਅਨੇਕਾਂ ਨੌਜਵਾਨ ਜ਼ਿੰਦਗੀ ਦੇ ਚੁਰਸਤੇ ਉੱਤੇ ਡਾਵਾਂ-ਡੋਲ ਖੜੋਤੇ ਵਿਖਾਈ ਦੇ ਰਹੇ ਹਨ । ਉਹ ਹਰ ਪਾਸੇ ਵੇਖ ਰਹੇ ਹਨ, ਪਰ ਆਪਣੀ ਜ਼ਿੰਦਗੀ ਦੇ ਕੰਮ ਦੀ ਚੋਣ ਨਹੀਂ ਕਰ ਸਕਦੇ, ਪਹਿਲੋਂ ਤਾਂ ਉਹਨਾਂ ਨੂੰ ਕਰਨ ਵਾਲ਼ੇ ਕੰਮ ਹੀ ਬਹੁਤੇ ਨਹੀਂ ਦਿਸਦੇ ਤੇ ਫੇਰ ਉਹਨਾਂ ਨੂੰ ਇਹ ਪਤਾ ਨਹੀਂ ਲੱਗਦਾ ਕਿ ਉਹ ਕਿਸ ਕੰਮ ਲਈ ਯੋਗਤਾ ਰੱਖਦੇ ਹਨ । ਅਨੇਕਾਂ ਕੀਮਤੀ ਜ਼ਿੰਦਗੀਆਂ ਸਿਰਫ਼ ਏਸ ਲਈ ਆਪਣਾ ਮੁੱਲ ਨਹੀਂ ਪੁਆ ਸਕੀਆਂ ਕਿ ਉਹਨਾਂ ਦੇ ਕੰਮ ਦੀ ਚੋਣ ਗਲਤ ਸੀ, ਸਾਰੀ ਉਮਰ



www.a2zpapers.com www.a2zpapers.com
Download free old Question papers gndu, ptu hp board, punjab board

a2zpapers.com



ਗੋਲ਼ ਸੁਰਾਖ਼ ਵਿਚ ਜੋੜਨ ਲਈ ਉਹ ਆਪਣੇ ਚੌਰਸ ਕਿੱਲੇ ਦੀਆਂ ਨੁੱਕਰਾਂ ਛਿੱਲਦੇ ਰਹਿੰਦੇ ਹਨ। ਕੰਮ ਦੀ ਚੋਣ ਜ਼ਿੰਦਗੀ ਦੇ ਪਹਿਲੇ ਇੱਕ ਜਾਂ ਦੋ ਫ਼ੈਸਲਿਆਂ ਵਿੱਚੋਂ ਹੈ। ਹਜ਼ਾਰਾਂ ਜ਼ਿੰਦਗੀਆਂ ਗਲਤ ਚੋਣ ਕਰਕੇ ਨਿਕੰਮੀਆਂ ਤੇ ਨਾਖ਼ੁਸ਼ ਰਹਿ ਜਾਂਦੀਆਂ ਹਨ। ਜਦ ਤੱਕ ਇੱਕ ਕਾਰੀਗਰ ਨੂੰ ਆਪਣੇ ਹਥਲੇ ਕੰਮ ਵਿੱਚੋਂ ਰੋਜ਼ੀ ਤੋਂ ਛੁੱਟ ਹੋਰ ਕੋਈ ਅਨੰਦ ਪ੍ਰਾਪਤ ਨਹੀਂ ਹੁੰਦਾ, ਉਹ ਨਾ ਤਾਂ ਆਪਣੇ ਕੰਮ ਵਿਚ ਕਮਾਲ ਦੀ ਆਸ ਰੱਖ ਸਕਦਾ ਹੈ ਤੇ ਨਾਂ ਹੀ ਉਸ ਕੰਮ ਦੇ ਵਸੀਲੇ ਨਾਲ਼ ਆਪਣੀ ਆਤਮਾ ਵਿਚ ਖੇੜਾ ਲਿਆ ਸਕਦਾ ਹੈ। ਜਿਸ ਦਿਲ ਵਿਚ ਉਸ ਦੇ ਹੱਥਾਂ ਦੀ ਕਾਰ ਕਈ ਵਾਰੀ ਹੁਲਾਸ ਤੇ ਖੇੜਾ ਨਹੀਂ ਲਿਆਉਂਦੀ, ਉਹ ਉਸ ਫੁੱਲ ਵਾਂਗ ਬੇਨਿਖਾਰ ਰਹਿੰਦਾ ਹੈ, ਜਿਸ ਉੱਤੇ ਸ਼ਬਨਮ ਦਾ ਮੋਤੀ ਨਹੀਂ ਥਿਰਕਿਆ ਤੇ ਨਾ ਅਕਾਸ਼ੋਂ ਚਿੱਟੇ ਮੀਂਹ ਦਾ ਕਤਰਾ ਕਦੇ ਡਿੱਗਾ ਹੈ। 3+1=4

5. ਹੇਠ ਲਿਖੇ ਸ਼ਬਦਾਂ ਵਿੱਚੋਂ ਕਿਸੇ **ਇੱਕ** ਸ਼ਬਦ-ਸਮੂਹ ਨੂੰ ਸ਼ਬਦ-ਕੋਸ਼ ਤਰਤੀਬ ਅਨੁਸਾਰ ਲਿਖੋ :

| (i) | | (ii) |
|---|---|---|
| ਦਰਬਾਰ | | ਅਕ੍ਰਿਤਘਣ |
| ਥਰਮਾਮੀਟਰ | | ਗਵੱਈਆ |
| ਤਰਸਣਾ | ਜਾਂ | ਜੁਲਾਹਾ |
| ਦਸਤਾਰ | | ਆਕਸੀਜਨ |
| ਤੀਰਥ | | ਟੁਕੜ-ਬੋਚ |
| ਖਿਸਕ | | ਗੁਰਦਵਾਰਾ। |

3

6. ਹੇਠ ਲਿਖੇ ਵਾਕਾਂ ਵਿੱਚੋਂ ਕਿਸੇ **ਤਿੰਨ** ਵਾਕਾਂ ਦਾ ਬ੍ਰੈਕਟ ਵਿਚ ਦਿੱਤੇ ਨਿਰਦੇਸ਼ ਅਨੁਸਾਰ ਵਾਕ-ਵਟਾਂਦਰਾ ਕਰੋ :

(ੳ) ਉਹ ਵਾਪਸ ਨਹੀਂ ਪਰਤੇਗਾ। (ਕਰਮਣੀ-ਵਾਚ) 1

(ਅ) ਕਿਸੇ ਨਾਲ਼ ਕੌੜਾ ਨਾ ਬੋਲੋ। (ਹਾਂ-ਵਾਚਕ-ਵਾਕ) 1

(ੲ) ਕਾਸ਼ ਮੈਂ ਡਾਕਟਰ ਹੁੰਦਾ। (ਸਧਾਰਨ-ਵਾਕ) 1

(ਸ) ਜਦੋਂ ਮੈਂ ਸਕੂਲ ਪਹੁੰਚਿਆ ਤਾਂ ਘੰਟੀ ਵਜ ਗਈ। (ਸੰਜੁਗਤ-ਵਾਕ) 1

(ਹ) ਸਮਝਦਾਰ ਬੱਚੇ ਮਾਪਿਆਂ ਦਾ ਕਿਹਾ ਮੰਨਦੇ ਹਨ। (ਮਿਸ਼ਰਿਤ-ਵਾਕ) 1

1×3=3

7. ਹੇਠ ਲਿਖੀਆਂ ਅਖਾਉਤਾਂ ਵਿੱਚੋਂ ਕਿਸੇ **ਚਾਰ** ਨੂੰ ਵਾਕਾਂ ਵਿਚ ਵਰਤੋ ਜਾਂ ਉਹਨਾਂ ਦੀ ਵਰਤੋਂ ਦੀਆਂ ਸਥਿਤੀਆਂ ਦੱਸੋ :

(ੳ) ਅੰਨਾ ਵੰਡੇ ਰਿਓੜੀਆਂ ਮੁੜ-ਮੁੜ ਆਪਣਿਆਂ ਨੂੰ। 2

(ਅ) ਪਾਣੀ ਵਿਚ ਸੋਟਾ ਮਾਰਿਆਂ ਪਾਣੀ ਦੋ ਨਹੀਂ ਹੋ ਜਾਂਦੇ 2

(ੲ) ਜੋ ਰਾਤੀਂ ਜਾਗਣ ਕਾਲ਼ੀਆਂ, ਸੋਈ ਖਾਣ ਸੁਖਾਲ਼ੀਆਂ 2

(ਸ) ਘਰ ਦਾ ਸੜਿਆ ਵਣ ਗਿਆ ਵਣ ਨੂੰ ਲੱਗੀ ਅੱਗ 2

(ਹ) ਹਿੰਗ ਲੱਗੇ ਨਾ ਫਟਕੜੀ ਰੰਗ ਚੋਖਾ ਆਵੇ 2

(ਕ) ਸੱਚੇ ਮਾਰਗ ਚੱਲਦੀਆਂ ਉਸਤਤ ਕਰੇ ਜਹਾਨ 2

(ਖ) ਅੱਗੇ ਸੱਪ ਤੇ ਪਿੱਛੇ ਸ਼ੀਂਹ 2

4×2=8



www.a2zpapers.com www.a2zpapers.com
Download free old Question papers gndu, ptu hp board, punjab board

a2zpapers.com



8. ਕਿਸੇ **ਇੱਕ** ਕਵਿਤਾ ਦਾ ਕੇਂਦਰੀ ਭਾਵ ਲਿਖੋ :

(ੳ) ਗੀਤ (ਸ਼ਿਵ ਕੁਮਾਰ ਬਟਾਲਵੀ) ।

(ਅ) ਵਗਦੇ ਪਾਣੀ (ਡਾ. ਦੀਵਾਨ ਸਿੰਘ ਕਾਲੇਪਾਣੀ)

(ੲ) ਦੋਸਤਾ (ਪਿਆਰਾ ਸਿੰਘ ਸਹਿਰਾਈ) । 4

9. ਕਿਸੇ **ਇੱਕ** ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ :

(ੳ) ਸਾਂਝ (ਸੁਜਾਨ ਸਿੰਘ)

(ਅ) ਸਤੀਆਂ ਸੇਈ (ਦਲੀਪ ਕੌਰ ਟਿਵਾਣਾ) । 7



www.a2zpapers.com www.a2zpapers.com
Download free old Question papers gndu, ptu hp board, punjab board